ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
GURU NANAK DEV UNIVERSITY, AMRITSAR
(Established by the State Legislature Act No. 21 of 1969)
Accredited at 'A++' grade level by NAAC and awarded
"University with Potential for Excellence" status by UGC.

No : 6543 /ਕਾਲਜਾਂ
Date : 9/10/25

**ਰਜਿਸਟਰਡ**

ਚੇਅਰਮੈਨ,
ਵੀ.ਐਮ.ਐਸ ਕਾਲਜ ਆਫ ਲਾਅ,
ਅੰਮ੍ਰਿਤਸਰ ਰੋਡ, ਬਟਾਲਾ - 143505
ਜ਼ਿਲ੍ਹਾ - ਗੁਰਦਾਸਪੁਰ ।

ਸ਼੍ਰੀਮਾਨ ਜੀ,

ਸੂਚਿਤ ਕੀਤਾ ਜਾਂਦਾ ਹੈ ਕਿ ਨਿਰੀਖਣ ਕਮੇਟੀ ਮਿਤੀ 24.09.2025 ਦੀਆਂ ਸਿਫਾਰਸ਼ਾਂ ਨੂੰ ਮੁੱਖ ਰੱਖਦੇ ਹੋਏ ਉਪ-ਕੁਲਪਤੀ ਜੀ ਨੇ **ਵੀ.ਐਮ.ਐਸ ਕਾਲਜ ਆਫ ਲਾਅ, ਬਟਾਲਾ (ਗੁਰਦਾਸਪੁਰ)** ਨੂੰ ਸੈਸ਼ਨ 2025-26 ਲਈ **ਐਲ.ਐਲ.ਬੀ.(ਤਿੰਨ ਸਾਲਾਂ) - ਇਕ ਯੂਨਿਟ (60 ਵਿਦਿਆਰਥੀ)** ਅਤੇ **ਬੀ.ਏ.ਐਲ.ਐਲ.ਬੀ.(ਪੰਜ ਸਾਲਾਂ) - ਇਕ ਯੂਨਿਟ (60 ਵਿਦਿਆਰਥੀ)** ਕੋਰਸਾਂ ਦੀ ਆਰਜ਼ੀ ਸਬੰਧਤਾ ਨਿਰੀਖਣ ਕਮੇਟੀ ਵੱਲੋਂ ਲਗਾਈਆਂ ਸ਼ਰਤਾਂ ਦੀ ਪੂਰਤੀ ਕਰਨ ਦੇ ਆਧਾਰ 'ਤੇ ਪ੍ਰਦਾਨ ਕਰਨ ਅਤੇ ਬਾਰ ਕੌਂਸਲ ਆਫ ਇੰਡੀਆ, ਨਵੀਂ ਦਿੱਲੀ ਵੱਲੋਂ ਇਹਨਾਂ ਲਾਅ ਕੋਰਸਾਂ ਦੀ ਪ੍ਰਵਾਨਗੀ ਮਿਲਣ ਦੀ ਸ਼ਰਤ 'ਤੇ ਪ੍ਰਦਾਨ ਕਰ ਦਿੱਤੀ ਹੈ, ਪ੍ਰੰਤੂ ਇਥੇ ਸਪੱਸ਼ਟ ਕੀਤਾ ਜਾਂਦਾ ਹੈ ਕਿ ਸੈਸ਼ਨ 2026-27 ਲਈ ਉਕਤ ਲਾਅ ਕੋਰਸਾਂ ਦੇ ਦਾਖਲੇ ਨਿਰੀਖਣ ਕਮੇਟੀ ਵਲੋਂ ਲਗਾਈਆਂ ਸ਼ਰਤਾਂ ਦੀ ਮੁਕੰਮਲ ਪੂਰਤੀ ਕੀਤੇ ਬਗੈਰ ਨਾ ਕੀਤੇ ਜਾਣ।

ਆਪ ਨੂੰ ਉਪਰੋਕਤ ਨਿਰੀਖਣ ਕਮੇਟੀ ਦੀ ਰਿਪੋਰਟ ਦੀ ਕਾਪੀ ਇਸ ਪੱਤਰ ਨਾਲ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਰਿਪੋਰਟ ਵਿੱਚ ਦਰਸਾਈਆਂ ਸ਼ਰਤਾਂ ਦੀ ਮੁਕੰਮਲ ਪੂਰਤੀ ਕਰਕੇ ਦਸਤਾਵੇਜ਼ੀ ਸਬੂਤਾਂ ਸਹਿਤ ਜਾਣਕਾਰੀ ਭੇਜੀ ਜਾਵੇ ਅਤੇ ਬਾਰ ਕੌਂਸਲ ਆਫ ਇੰਡੀਆ, ਨਵੀਂ ਦਿੱਲੀ ਪਾਸੋਂ ਉਕਤ ਵਰਣਤ ਲਾਅ ਕੋਰਸਾਂ ਦੀ ਪ੍ਰਵਾਨਗੀ ਸ਼ੀਘਰ ਲੈ ਕੇ ਇਸ ਦਫਤਰ ਵਿਖੇ ਭੇਜੀ ਜਾਵੇ, ਜੀ।

ਵਿਸ਼ਵਾਸ਼ਪਾਤਰ

9.10.25

ਉਪ-ਰਜਿਸਟਰਾਰ (ਕਾਲਜਾਂ)
ਵਾਸਤੇ ਡੀਨ, ਕਾਲਜ ਵਿਕਾਸ ਕੌਂਸਲ

ਨੱਥੀ : ਉਪਰੋਕਤ ਅਨੁਸਾਰ

Phone Off EPABX 2258802-09 Extn. 3195, 3196 & 3197; Tele/Fax: 0183 – 2257675, Email deancolleges@gndu.ac.in